ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030202
Available online at: www.armaan.org.in
DOI: https://doi.org/10.64119/armaan.vol.3.issue2.02

# NOVEL 'ALVIDAA ! ...KDE V NHI' DA VICHARDHAARI PRIPEKH

# ਨਾਵਲ 'ਅਲਵਿਦਾ ! ...ਕਦੇ ਵੀ ਨਹੀਂ ਦਾ ਵਿਚਾਰਧਾਰਾਈ ਪਰਿਪੇਖ

ਡਾ. ਕੁਲਵਿੰਦਰ ਕੌਰ (Dr. Kulwinder Kaur)
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor, Punjabi)
ਸਰਕਾਰੀ ਕਾਲਜ, ਟਾਂਡਾ ਉੜਮੁੜ, ਹੁਸ਼ਿਆਰਪੁਰ (ਪੰਜਾਬ)।
Email ID: kulwinderkaurhoshiarpur1981@gmail.com ਮੋਬਾਈਲ: +91-94176-57653

**ਸਾਰ (Abstract)**

*ਨਾਵਲ 'ਅਲਵਿਦਾ ! ...ਕਦੇ ਵੀ ਨਹੀਂ' ਪਰਵਾਸੀ ਸਾਹਿਤਕਾਰ ਲਾਜ ਨੀਲਮ ਸੈਣੀ ਦੀ ਰਚਨਾ ਜੋ ਸਵੈ ਜੀਵਨੀ ਮੂਲਕ ਨਾਵਲ ਹੈ। ਇਸ ਨਾਵਲ ਦਾ ਵਿਸ਼ਾ ਪਰਿਵਾਰਿਕ ਜੀਵਨ ਦੀ ਪੇਸ਼ਕਾਰੀ ਕਰਦਾ ਹੈ। ਇਸ ਨਾਵਲ ਦੀ ਲੇਖਿਕਾ ਨੇ ਆਸ਼ਾਵਾਦੀ ਨਜ਼ਰੀਆ ਅਪਣਾਇਆ ਹੈ। ਇਸ ਰਾਹੀਂ ਉਹ ਜ਼ਿੰਦਾਦਿਲੀ ਨਾਲ ਜੀਵਨ ਜਿਉਣ ਲਈ ਮਿਸਾਲ ਬਣੀ ਹੈ। ਉਸ ਦੀ ਰਚਨਾ ਦੀ ਖਾਸੀਅਤ ਹੈ ਕਿ ਲੇਖਿਕਾ ਆਪ ਹੀ ਨੀਲਮ ਨਾਂ ਦੀ ਪਾਤਰ ਦੇ ਤੌਰ 'ਤੇ ਵਿਚਰਦੀ ਹੈ। ਉਸ ਦਾ ਪਤੀ ਜੋ ਉਸ ਨੂੰ ਜ਼ਿੰਦਗੀ ਦੇ ਅਧਵਾਟੇ ਛੱਡ ਕੇ ਇਸ ਸੰਸਾਰ ਤੋਂ ਸਦਾ ਲਈ ਅਲਵਿਦਾ ਕਹਿ ਗਿਆ ਹੈ ਉਸ ਨਾਲ ਵਿਆਹ ਤੋਂ ਪਹਿਲਾਂ ਅਤੇ ਬਾਅਦ ਦੇ ਬਿਤਾਏ ਪਲਾਂ ਨੂੰ ਚੇਤੇ ਕਰਦਿਆਂ ਇਸ ਨਾਵਲ ਦੀ ਰਚਨਾ ਕਰਦੀ ਹੈ। ਨਾਵਲ ਦੇ ਹਰ ਕਾਂਡ ਦੇ ਆਰੰਭ ਵਿੱਚ ਨਾਇਕਾ ਆਪਣੇ ਪਤੀ ਨਾਲ ਵਾਰਤਾਲਾਪ ਕਰਦੀ ਹੈ ਜਿਸ ਵਿਚ ਉਹ ਆਪ ਹੀ ਕਾਲਪਨਿਕ ਨਾਮ ਲਾਜ ਅਤੇ ਨੀਲਮ ਦੀ ਵਾਰਤਾਲਾਪ ਸਿਰਜਦੀ ਹੈ ਅਤੇ ਆਪ ਹੀ ਹੁੰਗਾਰਾ ਭਰਦੀ ਹੈ। ਸ਼ਬਦਾਂ ਦੀ ਵਰਤੋਂ ਬਾਕਮਾਲ ਕੀਤੀ ਗਈ ਹੈ। ਦੋਹਾਂ ਦੇ ਵਾਰਤਾਲਾਪ ਰਾਹੀਂ ਉਹ ਆਪਣੇ ਅਚੇਤਨ ਮਨ ਦੀ ਵਾਰਤਾ ਦੀ ਪੇਸ਼ਕਾਰੀ ਕਰਦੀ ਹੈ। ਸੰਸਾਰ ਛੱਡ ਗਏ ਪਤੀ ਨਾਲ ਵਾਰਤਾਲਾਪ ਕਰਨਾ ਕੋਈ ਸਧਾਰਨ ਗੱਲ ਨਹੀਂ ਹੈ। ਮਾਨਸਿਕ ਰੋਗੀ ਹੋਣ ਦੀ ਝਲਕ ਦਿੰਦਾ ਹੈ। ਪਰ ਨਾਵਲ ਲੇਖਿਕਾ ਦੀ ਇਸ ਸਿਰਜਣਾ ਨੇ ਪਾਠਕਾਂ ਨੂੰ ਜ਼ਿੰਦਾਦਿਲੀ ਨਾਲ ਜੀਵਨ ਜਿਉਣ ਦਾ ਹੌਂਸਲਾ ਪ੍ਰਦਾਨ ਕੀਤਾ ਹੈ। ਉਹ ਆਪਣੇ ਵਿਛੜੇ ਪਤੀ ਦੀ ਯਾਦ ਨੂੰ ਸ਼ਬਦਾਂ ਰਾਹੀਂ ਪਰੋ ਕੇ 'ਅਲਵਿਦਾ ! ...ਕਦੇ ਵੀ ਨਹੀਂ' ਨਾਵਲ ਦੀ ਸਿਰਜਣਾ ਕਰਦੀ ਹੈ। ਇਹ ਨਾਵਲ ਪਾਠਕਾਂ ਨੂੰ ਜ਼ਿੰਦਗੀ ਜਿਉਣ ਲਈ ਆਸ਼ਾਵਾਦੀ ਨਜ਼ਰੀਆ ਅਪਣਾਉਣ ਲਈ ਉਤਸ਼ਾਹਿਤ ਕਰਦਾ ਹੈ।*

***ਕੀਵਰਡ (Keyword): ਨਾਵਲ, 'ਅਲਵਿਦਾ ! ...ਕਦੇ ਵੀ ਨਹੀਂ', ਲਾਜ ਨੀਲਮ ਸੈਣੀ, ਪਰਵਾਸੀ ਸਾਹਿਤਕਾਰ, ਸਭਿਆਚਾਰਕ ਪੱਖ, ਆਸ਼ਾਵਾਦੀ ਸੋਚ, ਮਾਨਸਿਕਤਾ।***

ਵਿਚਾਰ ਅਧੀਨ ਨਾਵਲ 'ਅਲਵਿਦਾ! ...ਕਦੇ ਵੀ ਨਹੀਂ' ਪਰਵਾਸੀ ਲੇਖਿਕਾ ਲਾਜ ਨੀਲਮ ਸੈਣੀ ਦੀ ਸਵੈ-ਜੀਵਨੀ ਮੂਲਕ ਰਚਨਾ ਹੈ। ਇਹ ਰਚਨਾ ਅੰਗਰੇਜ਼ੀ ਦੀ ਨਜ਼ਮ 'The Train of Life' ਦੇ ਸਾਰੰਸ਼ 'ਤੇ ਅਧਾਰਿਤ ਹੈ। ਲੇਖਿਕਾ ਨੇ ਨਾਵਲ ਵਿੱਚ ਪੇਸ਼ ਪਾਤਰਾਂ ਦੀ ਜ਼ਿੰਦਗੀ ਦੇ ਸਫ਼ਰ ਦਾ ਰੂਪਾਕਾਰ ਪੇਸ਼ ਕੀਤਾ ਹੈ। ਉਸ ਨੇ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੇ ਸਫ਼ਰ ਨੂੰ ਟ੍ਰੇਨ ਦੇ ਸਫ਼ਰ ਨਾਲ ਤੁਲਨਾਇਆ ਹੈ। ਉਸ ਅਨੁਸਾਰ ਜਿਸ ਤਰ੍ਹਾਂ ਮਨੁੱਖ ਇੱਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੱਕ ਨਿਰੰਤਰ ਸਫ਼ਰ ਕਰਦਾ ਹੈ ਉਸੇ ਤਰ੍ਹਾਂ ਉਹ ਆਪਣੀ ਜ਼ਿੰਦਗੀ ਦਾ ਸਫ਼ਰ ਕਰਦਾ ਹੈ ਜਿਸ ਦੌਰਾਨ ਕਈ ਉਤਰਾਅ ਚੜ੍ਹਾਅ ਆਉਂਦੇ ਹਨ। ਲੇਖਿਕਾ ਆਪ ਹੀ ਨਾਇਕਾ ਦੇ ਰੂਪ ਵਿੱਚ ਨਾਵਲ ਵਿੱਚ ਵਿਚਰਦੀ ਹੈ। ਉਸ ਨੇ ਆਪਣੇ ਜੀਵਨ ਦੇ ਦੁਖਾਂਤਕ ਬਿਰਤਾਂਤ ਨੂੰ ਸ਼ਾਬਦਿਕ ਰੂਪ ਪ੍ਰਦਾਨ ਕੀਤਾ ਹੈ। ਨਾਵਲ ਨਾਇਕਾ ਲਾਜ ਆਪਣੇ ਪਤੀ ਦੇ ਵਿਛੋੜੇ ਨੂੰ ਸਹਿਣ ਨਹੀਂ ਕਰ ਸਕੀ। ਉਹ ਆਪਣੇ ਅਚੇਤਨ ਵਿੱਚ ਪਏ ਵਿਚਾਰਾਂ ਨੂੰ ਆਟਿਸਟਿਕ ਬੀਮਾਰੀ (ਮਾਨਸਿਕ ਬੀਮਾਰੀ) ਤੋਂ ਬਚਾਉਣ ਲਈ ਸ਼ਬਦਾਂ ਦਾ ਸਹਾਰਾ ਲੈਂਦੀ ਹੈ। ਉਹ ਜ਼ਿੰਦਗੀ ਨੂੰ ਜਿੰਦਾਦਿਲੀ ਨਾਲ ਜਿਉਣ ਦੀ ਕੋਸ਼ਿਸ਼ ਕਰਦੀ ਹੈ। ਪਤੀ ਦਾ ਜ਼ਿੰਦਗੀ ਦੇ ਅੱਧ ਵਿਚਾਲੇ ਛੱਡ ਕੇ ਚਲੇ ਜਾਣ ਦਾ ਦੁਖਾਂਤ ਉਸ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਇਸ ਦੁਖਾਂਤ ਵਿੱਚੋਂ ਬਾਹਰ ਨਿਕਲਣ ਲਈ ਲੇਖਿਕਾ ਕਾਗਜ਼ਾਂ 'ਤੇ ਆਪਣੇ ਮਨ ਦੇ ਵਿਚਾਰਾਂ ਨੂੰ ਉਕਰਦੀ ਹੈ। ਉਦਾਹਰਣ ਵਜੋਂ ਵਾਰਤਾਲਾਪ ਰਾਹੀਂ ਲਾਜ ਅਤੇ ਨੀਲਮ ਪਾਤਰਾਂ ਦੀ ਗੱਲਬਾਤ ਪੇਸ਼ ਕੀਤੀ ਹੈ। ਜਿਵੇਂ -

*ਮੇਰੇ ਲਾਜ ਜੀਓ! ਅੱਜ ਮੇਰੇ ਅਥਰੂ ਸ਼ਬਦ ਬਣ ਕੇ ਕਾਗਜ਼ 'ਤੇ ਵਹਿ*

 Received: 24 April 2025 Accepted: 27 May 2025 Published: 13 June 2025

*ਤੁਰੇ ਨੇ। ਬਿਰਹਾ ਸੁਲਤਾਨ ਬਣ ਬੈਠਾ ਹੈ। ਨੀਲਮ! ਗਮਾਂ ਦੇ ਦਰਦ ਨੂੰ ਊਰਜਾ ਬਣਾਉਣ ਦਾ ਸਫ਼ਰ ਮੁਬਾਰਕ ਹੋਵੇ। ਵੱਡੇ ਹਾਦਸੇ ਜ਼ਿੰਦਗੀ ਦੇ ਸਫ਼ਰ ਨੂੰ ਰੋਕ ਨਹੀਂ ਸਕਦੇ। ਮੈਂ ਤੁਹਾਡੇ ਅੰਗ ਸੰਗ ਹਾਂ। ਅੱਥਰੂ ਬਣ ਕੇ ਸ਼ਬਦਾਂ ਵਿੱਚ ਸਮਾ ਜਾਵਾਂਗਾ।* [1]

ਲੇਖਿਕਾ ਨਾਵਲ ਦੇ ਹਰ ਕਾਂਡ ਦੇ ਆਰੰਭ ਵਿੱਚ ਮਨ ਦੀ ਗੱਲ ਆਪਣੇ ਪਤੀ ਨਾਲ ਕਰਦੀ ਹੈ ਅਤੇ ਫਿਰ ਆਪ ਹੀ ਹੁੰਗਾਰਾ ਭਰਦੀ ਹੈ। ਇਹ ਵਾਰਤਾਲਾਪ ਉਸ ਨੂੰ ਜ਼ਿੰਦਗੀ ਦੇ ਸਫ਼ਰ ਨੂੰ ਤੈਅ ਕਰਨ ਵਿੱਚ ਸਹਾਰਾ ਦਿੰਦਾ ਹੈ। ਦੋਹਾਂ ਪਾਤਰਾਂ ਦੇ ਦੁਖਾਂਤਕ ਵਾਰਤਾਲਾਪ ਵਿੱਚੋਂ ਵੀ ਹੌਸਲੇ ਵਾਲੇ ਸ਼ਬਦ ਕਹਿਣਾ ਕਿ ਵੱਡੇ ਹਾਦਸੇ ਕਦੇ ਜ਼ਿੰਦਗੀ ਦੇ ਸਫ਼ਰ ਨੂੰ ਰੋਕ ਨਹੀਂ ਸਕਦੇ। ਫ਼ਿਰ ਇਹ ਕਹਿਣਾ ਕਿ ਮੈਂ ਹਮੇਸ਼ਾ ਤੁਹਾਡੇ ਅੰਗ ਸੰਗ ਹਾਂ। ਅੱਥਰੂ ਬਣ ਕੇ ਸ਼ਬਦਾਂ ਵਿੱਚ ਸਮਾ ਜਾਵਾਂਗਾ। ਇਹ ਵਾਰਤਾਲਾਪ ਕੋਈ ਸਧਾਰਨ ਵਾਰਤਾਲਾਪ ਨਹੀਂ ਪਰ ਫਿਰ ਵੀ ਇਹ ਲੇਖਿਕਾ ਦੇ ਮਾਨਸਿਕ ਪੱਧਰ ਨੂੰ ਬਲ ਪ੍ਰਦਾਨ ਕਰਦੇ ਹਨ। ਇਹ ਜ਼ਿੰਦਗੀ ਨੂੰ ਆਸ਼ਾਵਾਦੀ ਨਜ਼ਰੀਏ ਨਾਲ ਦੇਖਣ ਦਾ ਸਾਧਨ ਬਣਦਾ ਹੈ। ਵਾਰਤਾਲਾਪ ਨਾਇਕਾ ਦੇ ਮਨੋਬਲ ਨੂੰ ਊਰਜਾ ਪ੍ਰਦਾਨ ਕਰਦਾ ਹੈ। ਇਸ ਨਾਵਲ ਦਾ ਉਦੇਸ਼ ਆਪਣੇ ਨਿੱਜੀ ਦੁਖਾਂਤ ਤੋਂ ਉੱਪਰ ਉੱਠ ਕੇ ਸਮਾਜ ਵਿੱਚ ਵਿਚਰਨ ਦੀ ਜੀਵਨ ਜਾਚ ਸਿਖਾਉਂਦਾ ਹੈ। ਨਾਵਲ ਵਿੱਚ ਦੋ ਪਰਿਵਾਰਾਂ ਦੇ ਰਿਸ਼ਤੇ ਦਾ ਬੱਝਣਾ, ਉਨ੍ਹਾਂ ਨਾਲ ਜੁੜੇ ਰਿਸ਼ਤਿਆਂ ਦਾ ਨਿਭਾਅ, ਇੱਕ ਦੂਜੇ ਪ੍ਰਤੀ ਸਮਰਪਣ ਦੀ ਭਾਵਨਾ ਰਿਸ਼ਤੇ ਨੂੰ ਮਜ਼ਬੂਤ ਬਣਾਉਂਦੀ ਹੈ। ਲੇਖਿਕਾ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜ਼ਿੰਦਗੀ ਦੇ ਕਿਸੇ ਵੀ ਪੜਾਅ 'ਤੇ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ ਜੋ ਜ਼ਿੰਦਗੀ ਨੂੰ ਅਜਿਹੇ ਮੋੜ ਤੇ ਲਿਆ ਖੜ੍ਹਾ ਕਰ ਦਿੰਦੀ ਹੈ ਜਿਸ ਵਿੱਚ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਪਰ ਉਸ ਵਿਚੋਂ ਨਿਕਲਣ ਦਾ ਰਾਹ ਲੱਭਣਾ ਲੇਖਿਕਾ ਦੀ ਆਸ਼ਾਵਾਦੀ ਸੋਚ ਦਾ ਸਿੱਟਾ ਹੈ। ਤੇਜਵੰਤ ਸਿੰਘ ਗਿੱਲ ਅਨੁਸਾਰ-

*ਸਭਿਆਚਾਰਕ ਸਿਮ੍ਰਤੀ ਅਤੀਤ ਦੇ ਉਨ੍ਹਾਂ ਸਾਰੇ ਵਿਕਲਪਾਂ ਨੂੰ ਉਸ ਥਾਂ ਤੇ ਲਿਆ ਕੇ ਜੋੜਦੀ ਹੈ ਜੋ ਵਿਭਿੰਨ ਪ੍ਰਸਥਿਤੀਆਂ ਅਧੀਨ ਮਾਲੂਮ ਅਤੇ ਨਾ ਮਾਲੂਮ ਪਾਤਰਾਂ ਨੇ ਭੋਗੇ ਹਨ।*[2]

ਇਸ ਦੀ ਖਾਸੀਅਤ ਇਹ ਰਹੀ ਹੈ ਕਿ ਨਾਇਕਾ ਨੇ ਆਪਣੇ ਦੁਖਾਂਤ ਨੂੰ ਹਾਵੀ ਕਰਨ ਦੀ ਬਜਾਇ ਇਸ ਵਿਚੋਂ ਨਿਕਲਣ ਦਾ ਰਸਤਾ ਅਪਣਾਇਆ ਹੈ। ਉਸ ਨੇ ਆਪਣੇ ਮਨੋਬਲ ਨੂੰ ਸਾਕਾਰਾਤਮਕ ਊਰਜਾ ਦੇ ਕੇ ਜ਼ਿੰਦਗੀ ਨੂੰ ਜਿਉਣ ਦਾ ਰਾਹ ਅਪਣਾਇਆ ਹੈ। ਉਸ ਦਾ ਮਨੋਬਲ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ਿੰਦਗੀ ਮੋੜੀ ਜਾ ਸਕਦੀ ਹੈ ਪਰ ਮੌਤ ਨਹੀਂ। ਬਲਦੇਵ ਸਿੰਘ ਧਾਲੀਵਾਲ ਅਨੁਸਾਰ-

*ਬਿਰਤਾਂਤਕਾਰ ਦਾ ਆਪਣਾ ਇੱਕ ਵਿਸ਼ੇਸ਼ ਨਜ਼ਰੀਆ ਹੁੰਦਾ ਹੈ ਜਿਸ ਰਾਹੀਂ ਉਹ ਵਿਭਿੰਨ ਪਾਤਰਾਂ ਅਤੇ ਸਥਿਤੀਆਂ ਨੂੰ ਜੋੜਦਾ ਬੀੜਦਾ ਹੈ।*[3]

ਇਸ ਨਾਵਲ ਦੀ ਨਾਇਕਾ ਧੀਰਜ ਅਤੇ ਆਸ਼ਾਵਾਦੀ ਸੋਚ ਵਾਲੀ ਹੈ। ਉਹ ਆਪਣੇ ਪਤੀ ਨਾਲ ਬਿਤਾਏ ਪਲਾਂ ਨੂੰ ਸ਼ਾਬਦਿਕ ਰੂਪ ਪ੍ਰਦਾਨ ਕਰਨ ਵਿੱਚ ਸਫ਼ਲ ਹੋਈ ਹੈ। ਉਹ ਆਪਣੇ ਦੁੱਖ ਸੁੱਖ ਨੂੰ ਕਿਸੇ ਵਿਅਕਤੀ ਨਾਲ ਵੰਡਣ ਦੀ ਬਜਾਇ ਆਪਣੇ ਅਣਮੁੱਲੇ ਵਿਚਾਰਾਂ ਨੂੰ ਕਾਗਜ਼ਾਂ 'ਤੇ ਕਲਮਬੱਧ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਜੇਕਰ ਉਹ ਆਪਣਾ ਦੁਖਾਂਤ ਕਿਸੇ ਨਾਲ ਨਹੀਂ ਵੰਡਦੀ ਤਾਂ ਉਹ ਆਟਿਸਟਿਕ ਰੋਗ ਦਾ ਸ਼ਿਕਾਰ ਹੋ ਜਾਵੇਗੀ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਦੁੱਖ ਵੰਡਣ ਨਾਲ ਘਟਦੇ ਹਨ ਅਤੇ ਖੁਸ਼ੀ ਵੰਡਣ ਨਾਲ ਦੁੱਗਣੀ ਹੁੰਦੀ ਹੈ। ਵਾਰਤਾਲਾਪ

*ਲਾਜ ਜੀਓ! ਕਈ ਵਾਰ ਸਹਿਜ ਸੁਭਾਅ ਵਿਚਰਦਿਆਂ ਵੀ ਪੈਰ ਧਰਤੀ 'ਤੇ ਨਹੀਂ ਲੱਗਦੇ। ਚਾਵਾਂ ਦੇ ਖੰਭ ਇੱਕੋ ਪਲ ਵਿੱਚ ਸੱਤਵੇਂ ਆਸਮਾਨ ਨਾਲ ਜਾ ਖਹਿੰਦੇ ਹਨ। ਬੇਜਾਨ ਵਸਤਾਂ ਵਿੱਚੋਂ ਮਹਿਕ ਆਉਣ ਲੱਗਦੀ ਹੈ।*

*ਨੀਲਮ! ਹਾਸਲ ਪਲਾਂ ਨੂੰ ਮਾਨਣ ਦਾ ਆਨੰਦ ਤਾਂ ਹੀ ਆ ਸਕਦੈ ਜੇ ਭਾਵਨਾਵਾਂ ਦਾ ਸੰਤੁਲਨ ਬਣਾਈ ਰੱਖਣ ਦੀ ਸਹਿਜ ਜਾਚ ਆ ਜਾਵੇ।* [4]

ਇਸ ਵਾਰਤਾਲਾਪ ਤੋਂ ਇੰਞ ਪ੍ਰਤੀਤ ਹੁੰਦਾ ਹੈ ਕਿ ਨਾਇਕਾ ਨੇ ਆਪਣੀਆਂ ਭਾਵਨਾਵਾਂ ਦਾ ਸੰਤੁਲਨ ਬਣਾਈ ਰੱਖਣ ਲਈ ਹਾਸਲ ਪਲਾਂ ਦਾ ਆਨੰਦ ਮਾਨਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਬੇਜਾਨ ਪਈਆਂ ਵਸਤਾਂ ਵਿੱਚੋਂ ਵੀ ਆਨੰਦ ਪ੍ਰਾਪਤ ਕਰਕੇ ਜਿੰਦਾਦਿਲ ਹੋਣ ਦੀ ਗਵਾਹੀ ਭਰੀ ਹੈ। ਜੀਵਨ ਵਿੱਚ ਹਮਖਿਆਲੀ ਪਤੀ ਦਾ ਮਿਲਣਾ ਅਤੇ ਉਸ ਦਾ ਅਚਾਨਕ ਉਸ ਤੋਂ ਵਿਛੜ ਜਾਣਾ ਲੇਖਿਕਾ ਦੇ ਮਨੋਬਲ ਨੂੰ ਕਮਜ਼ੋਰ ਕਰਦਾ ਹੈ ਪਰ ਫਿਰ ਵੀ ਉਸ ਵਿੱਚੋਂ ਜਿਉਣ ਲਈ ਰਸਤਾ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਵਾਰਤਾਲਾਪ

*ਲਾਜ ਜੀਓ! ਹੁਣ ਤਾਂ ਜ਼ਿੰਦਗੀ ਹੰਝੂਆਂ ਦੇ ਹੜ੍ਹ ਵਿੱਚ ਵਹਿ ਰਹੀ ਹੈ। ਭਾਵਨਾਵਾਂ ਆਪ ਮੁਹਾਰੇ ਆਵਾਰਗੀ ਦੇ ਰਸਤੇ ਤੁਰ ਪੈਂਦੀਆਂ ਹਨ। ਆਪਣੀ ਇਸ ਦਸ਼ਾ ਅਤੇ ਦਿਸ਼ਾ ਨੂੰ ਕਦੇ ਚਿਤਵਿਆ ਨਹੀਂ ਸੀ।*

*ਨੀਲਮ! ਤੁਸੀਂ ਇਸ ਹੰਝੂਆਂ ਦੇ ਹੜ੍ਹ ਨੂੰ ਸ਼ਬਦਾਂ ਦਾ ਬੰਨ੍ਹ ਲਾਉਣਾ ਹੈ। ਸ਼ਬਦਾਂ ਦਾ ਪੁਲ ਬਣਾਉਣਾ ਹੈ। ਇਹ ਪੁਲ ਤੁਹਾਨੂੰ ਜਿਸਮਾਂ ਤੋਂ ਪਾਰ ਲੈ ਜਾਵੇਗਾ।* [5]

ਭਾਵਨਾਵਾਂ ਦੇ ਹੜ੍ਹ ਦਾ ਆਪ ਮੁਹਾਰੇ ਆਵਾਰਗੀ ਦੇ ਰਸਤੇ ਤੁਰਨਾ ਜਿਸ ਦਿਸ਼ਾ ਅਤੇ ਦਸ਼ਾ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਉਹਨਾਂ ਰਾਹਾਂ ਤੇ ਚੱਲਣ ਦੀ ਮਜ਼ਬੂਰੀ ਨੂੰ ਵੀ ਸ਼ਬਦਾਂ ਦਾ ਬੰਨ੍ਹ ਬਣਾ ਕੇ ਪੇਸ਼ ਕਰਨਾ ਆਪਣੇ ਆਪ ਵਿੱਚ ਮਹੱਤਵਪੂਰਨ ਕਲਾ ਦੀ ਸਿਰਜਣਾ ਹੈ। ਇਸ ਵਾਰਤਾਲਾਪ ਰਾਹੀਂ ਲੇਖਿਕਾ ਆਪਣੇ ਦੁਖਾਂਤ ਨੂੰ ਹੰਝੂਆਂ ਦੇ ਰੂਪ ਵਿੱਚ ਲੋਕਾਂ ਅੱਗੇ ਜ਼ਾਹਿਰ ਕਰਕੇ ਹਮਦਰਦੀ ਲੈਣ ਦੀ ਬਜਾਏ ਉਹ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਂਦੀ ਹੈ। ਉਸ ਨੇ ਜ਼ਿੰਦਗੀ ਦੀ ਜੰਗ ਜਿੱਤਣ ਲਈ ਆਸ਼ਾਵਾਦੀ ਨਜ਼ਰੀਆ ਅਪਣਾਇਆ ਹੈ। ਭਾਵੇਂ ਕਿਸੇ ਵੀ ਅਣਦਿਸਦੇ ਸੱਚ ਨੂੰ ਲੱਭਣਾ ਸੌਖਾ ਨਹੀਂ। ਬਲਦੇਵ ਸਿੰਘ ਧਾਲੀਵਾਲ ਅਨੁਸਾਰ-

*ਆਪਣੇ ਅਮੂਰਤ ਵਿਚਾਰਾਂ ਅਤੇ ਭਾਵਾਂ ਨੂੰ ਸਮੂਰਤ ਕਰਨ ਲਈ ਕਹਾਣੀਕਾਰ ਕੋਲ ਪੂਰਵ ਸਿਰਜਿਤ ਸ਼ਬਦਾਂ ਦਾ ਭੰਡਾਰ ਹੁੰਦਾ ਹੈ। ਇਨ੍ਹਾਂ ਪ੍ਰਾਪਤ ਸ਼ਬਦਾਂ ਰਾਹੀਂ ਬਿਰਤਾਂਤਕਾਰ ਨੇ ਇੱਕ ਕੜੀਦਾਰ ਪ੍ਰਬੰਧ ਦੀ ਸਿਰਜਣਾ ਕਰਨੀ ਹੁੰਦੀ ਹੈ।* [6]

ਲੇਖਿਕਾ ਸ਼ਬਦਾਂ ਦਾ ਸਹਾਰਾ ਲੈ ਕੇ ਇੱਕ ਤਾਂ ਮਾਨਸਿਕ ਰੋਗਾਂ ਤੋਂ ਬਚਣ ਵਿੱਚ ਕਾਮਯਾਬ ਹੁੰਦੀ ਹੈ ਦੂਸਰਾ ਉਹ ਹੋਰਨਾਂ ਔਰਤਾਂ ਲਈ ਵੀ ਮਿਸਾਲ ਬਣਦੀ ਹੈ ਜੋ ਨਿਰਾਸ਼ਾਵਾਦੀ ਹੋ ਕੇ ਜ਼ਿੰਦਗੀ ਗੁਆ ਲੈਂਦੀਆਂ ਹਨ। ਪਰ ਲੇਖਿਕਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਜ਼ਿੰਦਗੀ ਮੋੜੀ ਜਾ ਸਕਦੀ ਹੈ ਪਰ ਮੌਤ ਨਹੀਂ। ਜ਼ਿੰਦਗੀ ਦੇ ਹਰ ਪੜਾਅ ਨੂੰ ਆਸ਼ਾਵਾਦੀ ਨਜ਼ਰੀਏ ਨਾਲ ਜਿਉਣਾ ਭਾਵੇਂ ਸੌਖਾ ਨਹੀਂ ਪਰ ਜਿਨ੍ਹਾਂ ਨੇ ਇਸ ਨਜ਼ਰੀਏ ਨੂੰ ਆਪਣਾਇਆ ਹੈ ਉਹ ਹੋਰਨਾਂ ਲਈ ਮਿਸਾਲ ਬਣੇ ਹਨ। ਲੇਖਿਕਾ ਵਾਂਗ ਆਪ ਹੀ ਸਵਾਲ ਕਰਨੇ ਅਤੇ ਉਹਨਾਂ ਸਵਾਲਾਂ ਦੇ ਜਵਾਬ ਆਪ ਹੀ ਦੇਣੇ ਕੋਈ ਸਧਾਰਨ ਗੱਲ ਨਹੀਂ। ਪ੍ਰਸਿੱਧ ਤਰਕਸ਼ੀਲ ਲੇਖਕ ਬਲਵਿੰਦਰ ਬਰਨਾਲਾ ਅਨੁਸਾਰ

*ਜੋ ਵਿਅਕਤੀ ਸਮਾਜ ਦੀਆਂ ਕਦਰਾਂ ਕੀਮਤਾਂ ਦੇ ਅਨੁਕੂਲ ਵਿਵਹਾਰ ਕਰਦਾ ਹੈ ਉਸ ਨੂੰ ਸਿਆਣਾ, ਸੁਲਝਿਆ ਮਨੁੱਖ ਆਦਿ ਖਿਤਾਬਾਂ ਨਾਲ ਸਨਮਾਨਿਆ ਜਾਂਦਾ ਹੈ। ਸਮਾਜ ਦਾ ਰੋਲ ਜਿੱਥੇ ਕਈ ਵਾਰ ਮਨੁੱਖਾਂ ਲਈ ਅਗਾਂਹ ਵੱਧਣ ਵਾਸਤੇ ਵਰਦਾਨ ਹੁੰਦਾ ਹੈ। ਉੱਥੇ ਕਈ ਵਾਰ ਇਸ ਦੇ ਉਲਟ ਸਿਰੇ ਦਾ ਪਿਛਾਂਹ-ਖਿਚੂ ਵੀ ਹੋ ਨਿਬੜਦਾ ਹੈ।* [7]

ਲੇਖਿਕਾ ਨੇ ਭਾਵੇਂ ਆਪ ਹੀ ਇਹ ਖਦਸ਼ਾ ਜਾਹਿਰ ਕੀਤਾ ਹੈ ਕਿ ਉਸ ਨੂੰ ਇਸ ਗੱਲ ਦਾ ਤੌਖਲਾ ਸੀ ਕਿ ਸੋਚਾਂ ਵਿੱਚ ਘਿਰੀ ਮਤ ਮੈਂ ਕੋਈ ਅਜਿਹੀ ਮਾਨਸਿਕ ਬੀਮਾਰੀ ਦਾ ਸ਼ਿਕਾਰ ਹੋ ਜਾਵਾਂ ਤਾਂ ਮੈਂ ਇਹ ਰਸਤਾ ਅਪਣਾਇਆ ਅਤੇ ਮੈਂ ਆਪਣੀਆਂ ਭਾਵਨਾਵਾਂ ਨੂੰ ਸ਼ਬਦਾਂ ਦਾ ਰੂਪ ਦੇ ਕੇ ਨਾਵਲ ਰਚਨਾ ਕਰਨ ਵਿੱਚ ਕਾਮਯਾਬ ਹੋਈ ਹਾਂ। ਇਸ ਅਸਾਧਾਰਨਤਾ ਨੂੰ ਸਧਾਰਨ ਸ਼ਬਦਾਂ ਵਿੱਚ ਪੇਸ਼ ਕਰਨਾ ਨਾਇਕਾ ਦੇ ਅਚੇਤਨ ਵਿਚਾਰਾਂ ਦੀ ਅਭਿਵਿਅਕਤੀ ਹੈ, ਜੋ ਉਸ ਨੂੰ ਸਕੂਨ ਦਿੰਦੀ ਹੈ। ਡਾ ਗੁਰਜੰਟ ਸਿੰਘ ਅਨੁਸਾਰ-

*ਜਿਹੜੀਆਂ ਯਾਦਾਂ ਚੇਤਨ ਸਿਮਰਤੀ ਵਿੱਚ ਦੁਖਦਾਇਕ ਹੁੰਦੀਆਂ ਹਨ ਉਹ ਅਚੇਤਨ ਵਿੱਚ ਦੇਸ਼ ਬਦਰ ਕਰ ਦਿੱਤੀਆਂ ਜਾਂਦੀਆਂ ਹਨ। ਜੇਕਰ ਇਹ ਚੇਤਨ ਦਾ ਭਾਗ ਬਣਨਾ ਵੀ ਚਾਹੁੰਣ ਤਾਂ ਅਚੇਤਨ ਉਹਨਾਂ ਨੂੰ ਬਾਹਰ ਨਹੀਂ ਨਿਕਲਣ ਦਿੰਦਾ।* [8]

ਇਹ ਨਾਵਲ ਮਨੋਵਿਗਿਆਨਕ ਪਹਿਲੂਆਂ ਨੂੰ ਛੂਹੰਦਾ ਹੈ। ਇਸ ਦੀ ਮੁੱਖ ਪਾਤਰ ਲਾਜ ਜੋ ਨਾਵਲ ਲੇਖਿਕਾ ਖੁਦ ਹੈ। ਨਾਵਲ ਰਾਹੀਂ ਉਹ ਆਪਣੇ ਮਨ ਦੇ ਵਲਵਲਿਆਂ ਨੂੰ ਪਾਠਕਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੁੰਦੀ ਹੈ। ਲੇਖਿਕਾ ਦੇ ਮਨ ਵਿੱਚ ਜਦੋਂ ਵਲਵਲੇ ਉੱਠਦੇ ਹਨ ਅਤੇ ਉਸ ਨੂੰ ਵਿਆਕੁਲ ਕਰਦੇ ਹਨ ਤਾਂ ਉਹਨਾਂ ਵਲਵਲਿਆਂ ਨੂੰ ਬੋਝ ਬਣਾਉਣ ਦੀ ਬਜਾਏ ਸ਼ਬਦਾਂ ਵਿੱਚ ਪਰੋਂਦੀ ਹੈ। ਇਸ ਸਲਾਹੁਣਯੋਗ ਕੰਮ ਕਰਕੇ ਉਹ ਪਾਠਕਾਂ ਵਿੱਚ ਮਿਸਾਲ ਕਾਇਮ ਕਰਦੀ ਹੈ ਕਿ ਜ਼ਿੰਦਗੀ ਜਿਉਣੀ ਭਾਵੇਂ ਆਸਾਨ ਨਹੀਂ ਪਰ ਜਿਉਣ ਦਾ ਜ਼ਰੀਆ ਮਿਲ ਜਾਵੇ ਤਾਂ ਜ਼ਿੰਦਗੀ ਬੋਝਲ ਲੱਗਣ ਦੀ ਬਜਾਏ ਉਦੇਸ਼ਾਤਮਕ ਰੂਪ ਅਖਤਿਆਰ ਕਰ ਲੈਂਦੀ ਹੈ। ਵਾਰਤਾਲਾਪ ਵਿੱਚ -

*ਲਾਜ! ਉਦਾਸ ਵਰਤਾਰੇ ਅਕਸਰ ਕਿਸੇ ਹੋਰ ਦੁਨੀਆ ਵੱਲ ਲੈ ਜਾਂਦੇ ਹਨ। ਰਾਤ ਕਿਸੇ ਅਣਹੋਣੀ ਦਾ ਸੁਨੇਹਾ ਦਿੰਦੀ ਹੈ।*

*ਨੀਲਮ! ਉਦਾਸੀ ਸਾਨੂੰ ਆਪਣੇ ਆਪ ਦੇ ਹੋਰ ਨੇੜੇ ਕਰਦੀ ਹੈ। ਅਸੀਂ ਉਦਾਸ ਹੁੰਦੇ ਹਾਂ ਕਿਉਂਕਿ ਅਸੀਂ ਜਿਉਂਦੇ ਹਾਂ।*

*ਅਸੀਂ ਉਦਾਸ ਹੁੰਦੇ ਹਾਂ ਕਿਉਂਕਿ ਅਸੀਂ ਉਦਾਸੀਆਂ ਤੋਂ ਪਾਰ ਜਾਣਾ ਹੈ।*[9]

ਲੇਖਿਕਾ ਅਨੁਸਾਰ ਉਦਾਸੀ ਦੇ ਪਲ ਮਨੁੱਖ ਨੂੰ ਆਪਣੇ ਆਪ ਦੇ ਹੋਰ ਨੇੜੇ ਲਿਆਉਂਦੇ ਹਨ। ਜੀਵਨ ਦਾ ਉਦੇਸ਼ ਉਹਨਾਂ ਉਦਾਸੀ ਭਰੇ ਪਲਾਂ ਨੂੰ ਖਤਮ ਕਰਨਾ ਬਣ ਜਾਂਦਾ ਹੈ। ਨਾਵਲ ਪਿੱਛਲਝਾਤ ਤੋਂ ਵਿਕਾਸ ਕਰਦਾ ਹੋਇਆ ਵਰਤਮਾਨ ਨਾਲ ਸਾਂਝ ਪਾਉਂਦਾ ਹੈ। ਬੀਤੇ ਸਮੇਂ ਦੀ ਸਿਮਰਤੀ ਨਾਵਲ ਨਾਇਕ ਅਤੇ ਨਾਇਕਾ ਦੇ ਜੀਵਨ ਨੂੰ ਭਵਿੱਖਮੁੱਖੀ ਬਣਾਉਂਦੀ ਹੈ। ਸਾਹਿਤਕਾਰ ਸੁਰਜੀਤ ਸਿੰਘ ਭੱਟੀ ਅਨੁਸਾਰ-

*ਸਾਡੇ ਜੀਵਨ ਵਿੱਚ ਨਿੱਤ ਵਾਪਰਨ ਵਾਲੀਆਂ ਘਟਨਾਵਾਂ ਇਤਿਹਾਸਕ ਤੱਥ ਹੁੰਦੀਆਂ ਹਨ।* [10]

ਨਾਵਲ ਵਿੱਚ ਪੇਸ਼ ਵਿਚਾਰਾਂ ਦੇ ਆਧਾਰ ‘ਤੇ ਕਿਹਾ ਜਾ ਸਕਦਾ ਹੈ ਕਿ ਮਰਿਆਂ ਨਾਲ ਭਾਵੇਂ ਮਰਿਆ ਨਹੀਂ ਜਾ ਸਕਦਾ ਪਰ ਪਿੱਛੇ ਰਹਿੰਦਿਆਂ ਨੂੰ ਜ਼ਿੰਦਗੀ ਜਿਉਣੀ ਪੈਂਦੀ ਹੈ। ਜ਼ਿੰਦਗੀ ਜਿਉਣ ਲਈ ਆਸ਼ਾਵਾਦੀ ਹੋਣਾ ਪੈਂਦਾ ਹੈ। ਜਿਵੇਂ ਅਕਸਰ ਕਿਹਾ ਜਾਂਦਾ ਹੈ ਕਿ ਜੀਵੇ ਆਸਾ ਮਰੇ ਨਿਰਾਸ਼ਾ। ਜੀਵਨ ਲਈ ਇਕਾਂਤ ਵਿੱਚੋਂ ਭਾਵੇਂ ਕਈ ਆਸ਼ਾਵਾਦੀ ਰਸਤੇ ਮਿਲਦੇ ਹਨ ਪਰ ਕਿਤੇ ਨਾ ਕਿਤੇ ਇਕਾਂਤ ਮਾਨਸਿਕ ਰੋਗਾਂ ਦਾ ਕਾਰਨ ਵੀ ਬਣਦਾ ਹੈ। ਪ੍ਰਸਿੱਧ ਤਰਕਸ਼ੀਲ ਵਿਦਵਾਨ ਬਲਵਿੰਦਰ ਬਰਨਾਲਾ ਅਨੁਸਾਰ-

*ਕਿਸੇ ਇੱਕ ਦੀ ਯੋਗਤਾ ਦੀ ਘਾਟ ਮਨੁੱਖ ਦੇ ਸਮੁੱਚੇ ਵਿਕਾਸ ਵਿੱਚ ਰੋੜਾ ਬਣ ਜਾਂਦੀ ਹੈ।*[11]

ਇੰਝ ਜ਼ਿੰਦਗੀ ਜਿਉਣ ਲਈ ਦੋਵੇਂ ਪਹਿਲੂ ਜ਼ਰੂਰੀ ਹਨ ਇਕਾਂਤ ਵੀ ਅਤੇ ਸਾਥ ਵੀ। ਬੀਤੇ ਸਮੇਂ ਦੀਆਂ ਯਾਦਾਂ ਅਕਸਰ ਸੀਨਾ ਠਾਰਦੀਆਂ ਹਨ ਜੇ ਜ਼ਿੰਦਗੀ ਵਧੀਆ ਬੀਤੀ ਹੋਵੇ ਨਹੀਂ ਤਾਂ ਜ਼ਿੰਦਗੀ ਵਿੱਚ ਬੀਤੇ ਸਮੇਂ ਦਾ ਝੋਰਾ ਹੱਡਾਂ ਨੂੰ ਖੋਰਦਾ ਹੈ। ਮਨੁੱਖ ਦੀ ਬਿਰਤੀ ਅਜਿਹੀ ਹੈ ਜੋ ਹਰ ਸਮੇਂ ਕਿਸੇ ਨਾ ਕਿਸੇ ਦਾ ਸਾਥ ਲੋਚਦੀ ਹੈ। ਇਸ ਸਾਥ ਸਦਕਾ ਮਨੁੱਖ ਅਕਸਰ ਵਿਕਾਸ ਵੱਲ ਵੱਧਦਾ ਹੈ। ਵਾਰਤਾਲਾਪ ਵਿੱਚ-

*ਲਾਜ ਜੀਓ! ਯਾਦਾਂ ਦੇ ਸਮੁੰਦਰ ਵਿੱਚ ਗਹਿਰਾ ਉਤਰਦੀ ਹਾਂ ਤਾਂ ਭਾਵਨਾਵਾਂ ਦੇ ਵਹਿਣ ਕਿਨਾਰੇ ‘ਤੇ ਲਿਆ ਸੁੱਟਦੇ ਹਨ।*

*ਵਿਗੋਚਿਆਂ ਦੀਆਂ ਸਿੱਪੀਆਂ ਖੋਲ੍ਹ ਖੋਲ੍ਹ ਦੇਖਦੀ ਹਾਂ ਤਾਂ ਹਾਸਲ ਹੋਏ ਧਰਵਾਸ ਦੇ ਮੋਤੀ ਸਾਹਾਂ ਦੀ ਮਾਲਾ ਵਿੱਚ ਪਰੋ ਲੈਂਦੀ ਹਾਂ।*

*ਨੀਲਮ! ਕਿਸੇ ਵੀ ਸਫ਼ਰ ਵਿੱਚ ਹਮੇਸ਼ਾ ਪਹਿਲਾਂ ਚਿਤਵੇ ਮੰਜ਼ਰ ਨਹੀਂ ਮਿਲਦੇ ਵਿਸ਼ਵਾਸ਼ ਦਾ ਦੀਵਾ ਹਮੇਸ਼ਾ ਲਟ ਲਟ ਜਗਾਈ ਰੱਖਣਾ।*[12]

ਜ਼ਿੰਦਗੀ ਦੇ ਹਰ ਪੜਾਅ ਤੇ ਵਿਸ਼ਵਾਸ਼ ਰੂਪੀ ਦੀਵਾ ਜਗਾ ਕੇ ਰੱਖਣਾ ਹੀ ਵਿਕਾਸ ਹੈ। ਖੜੋਤ ਕਿਸੇ ਵੀ ਵਿਕਾਸ ਦਾ ਅੰਤ ਹੈ। ਜਿਵੇ ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ‘ਪਾਣੀ ਚੱਲਦੇ ਹੀ ਰਹਿਣ ਕਿ ਚੱਲਦੇ ਹੀ ਸੋਂਹਦੇ ਨੇ, ਖਲੋਂਦੇ ਬੁਸਦੇ ਨੇ ਕਿ ਪਾਣੀ ਚੱਲਦੇ ਹੀ ਰਹਿਣ ਕਿ ਚੱਲਦੇ ਹੀ ਸੋਂਹਦੇ ਨੇ’ ਪਾਣੀ ਵਾਂਗ ਜ਼ਿੰਦਗੀ ਵੀ ਚੱਲਦੀ ਰਹਿਣੀ ਚਾਹੀਦੀ ਹੈ ਇਹੀ ਜ਼ਿੰਦਗੀ ਦਾ ਵਿਕਾਸ ਹੈ। ਬਲਦੇਵ ਸਿੰਘ ਧਾਲੀਵਾਲ ਅਨੁਸਾਰ-

*ਬਿਰਤਾਂਤ ਦੀ ਸਫਲਤਾ ਅਤੇ ਹੁਨਰ ਆਪਣੀ ਹੋਂਦ ਨੂੰ ਵੱਧ ਤੋਂ ਵੱਧ ਛੁਪਾ ਕੇ ਰੱਖਣ ਜਾਂ ਨਿਰਪੱਖ ਦਿੱਸਣ ਵਿੱਚ ਨਿਹਿਤ ਹੁੰਦੀ ਹੈ।* [13]

ਨਾਵਲ ‘ਅਲਵਿਦਾ ! ...ਕਦੇ ਵੀ ਨਹੀਂ’ ਪਰਵਾਸੀ ਸਾਹਿਤਕਾਰ ਦੀ ਲਿਖਤ ਹੈ। ਇਸ ਨਾਵਲ ਰਾਹੀਂ ਲੇਖਿਕਾ ਨੇ ਇਹ ਆਪਣੇ ਮਨ ਦੀ ਅਵਸਥਾ ਦਾ ਬਿਆਨ ਕੀਤਾ ਹੈ। ਉਹ ਆਪਣੇ ਪਤੀ ਤੋਂ ਭਾਵੇਂ ਸਰੀਰਕ ਰੂਪ ਵਿੱਚ ਵਿਛੜ ਚੁੱਕੀ ਹੈ ਪ੍ਰੰਤੂ ਉਸ ਦੀ ਮਾਨਸਿਕਤਾ ਉਸ ਨਾਲੋਂ ਵਿਛੜਨ ਲਈ ਤਿਆਰ ਨਹੀਂ। ਚੇਤਨ ਅਤੇ ਅਚੇਤਨ ਮਨ ਦੀ ਅਵਸਥਾ ਵਿੱਚੋਂ ਹੀ ਇਸ ਨਾਵਲ ਦੀ ਰਚਨਾ ਹੋਈ ਹੈ। ਨਾਵਲ ਦੀ ਨਾਇਕਾ ਦਾ ਪਤੀ ਅਤੇ ਪੁੱਤਰ ਦੋਹਾਂ ਦਾ ਸੁਭਾਅ ਮੇਲ ਖਾਂਦਾ ਹੈ। ਪੁੱਤਰ ਦੇ ਇਸ ਸੁਭਾਅ ਕਰਕੇ ਹਰ ਪਲ ਆਪਣੇ ਪਤੀ ਦੀ ਝਲਕ ਉਸ ਨੂੰ ਮਿਲਦੀ ਰਹਿੰਦੀ ਹੈ। ਅਚੇਤਨ ਮਨ ਵਿੱਚ ਪਏ ਪਲ ਉਸ ਦੀ ਵਿਆਕੁਲਤਾ ਨੂੰ ਹੋਰ ਵਧਾਉਂਦੇ ਹਨ। ਆਮ ਤੌਰ ‘ਤੇ ਦੇਖਿਆ ਜਾਵੇ ਤਾਂ ਦੋ ਪ੍ਰਕਾਰ ਦੀਆਂ ਯਾਦਾਂ ਦਾ ਜ਼ਿਕਰ ਮਿਲਦਾ ਹੈ ਇੱਕ ਉਹ ਜਿਸ ਨੂੰ ਮਨੁੱਖ ਯਾਦ ਕਰਦਾ ਹੈ ਤਾਂ ਦੁੱਖੀ ਹੁੰਦਾ ਹੈ ਅਤੇ ਦੂਜਾ ਉਹ ਜਿਸ ਨੂੰ ਉਹ ਵਾਰ ਵਾਰ ਯਾਦ ਕਰਕੇ ਰੂਹ ਦਾ ਸਕੂਨ ਭਾਲਦਾ ਹੈ। ਰੂਹ ਦੇ ਹਾਣੀ ਦੀ ਤਲਾਸ਼ ਅਤੇ ਗੁਆਚੇ ਹਾਣੀ ਦੀ ਯਾਦ ਦਾ ਅਵਚੇਤਨ ਨਾਵਲ ਦੀ ਕਹਾਣੀ ਨੂੰ ਊਰਜਾ ਪ੍ਰਦਾਨ ਕਰਦਾ ਹੈ। ਇਸ ਨਾਵਲ ਦੀ ਖਾਸੀਅਤ ਹੈ ਕਿ ਨਾਵਲ ਲੇਖਿਕਾ ਨੇ ਆਸ਼ਾਵਾਦੀ ਨਜ਼ਰੀਆ ਅਪਣਾ ਕੇ ਉਹਨਾਂ ਲੋਕਾਂ ਦਾ ਹੌਂਸਲਾ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਪਰਿਵਾਰ ਦੇ ਕਿਸੇ ਜੀਅ ਦੇ ਸਦੀਵੀਂ ਵਿਛੋੜੇ ਦੇ ਜਾਣ ਤੋਂ ਬਾਅਦ ਸੋਚਾਂ ਵਿੱਚ ਘਿਰਨ ਦੀ ਬਜਾਏ ਉਸ ਵਿੱਚੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਦਾ ਜ਼ਿਕਰ ਹੈ। ਇਸ ਨਾਵਲ ਦਾ ਵਿਸ਼ਾ ਆਪਣੇ ਆਪ ਵਿੱਚ ਵੱਖਰਾ ਹੈ। ਇਹ ਨਾਵਲ ਆਸ਼ਾਵਾਦੀ ਹੋਣ ਦੇ ਨਾਲ ਨਾਲ ਧੀਰਜ ਦੇਣ ਵਾਲਾ ਵੀ ਹੈ। ਇਸ ਨਾਵਲ ਦਾ ਵਿਸ਼ਾ ਦੁਖਾਂਤਕ ਹੋਣ ਦੇ ਬਾਵਜੂਦ ਵੀ ਨਾਇਕਾ ਦੇ ਆਸ਼ਵਾਦੀ ਨਜ਼ਰੀਏ ਕਰਕੇ ਸੁਖਾਂਤਕ ਬਿਰਤੀ ਵਾਲਾ ਹੋ ਨਿਬੜਿਆ ਹੈ। ਇਹ ਨਾਵਲ ਪਰਿਵਾਰਕ ਰਿਸ਼ਤਿਆਂ ਦੇ ਨਿਭਾਅ ਵਾਲਾ ਅਤੇ ਮਨੋਵਿਗਿਆਨਕ ਹੈ। ਵਿਆਹ ਉਪਰੰਤ ਦੋਹਾਂ ਪਰਿਵਾਰਾਂ ਵਲੋਂ ਇੱਕ ਦੂਜੇ ਦੇ ਰਿਸ਼ਤੇ ਨੂੰ ਨਿਭਾਉਣ ਲਈ ਆਪਸੀ ਸਾਂਝ ਦਾ ਜ਼ਿਕਰ ਬਾਖੂਬੀ ਸਿਰਜਿਆ ਹੈ। ਨਾਵਲ ਨਾਇਕਾ ਵਲੋਂ ਵਿਦੇਸ਼ ਵਿੱਚ ਜਾ ਕੇ ਸਾਹਿਤਕ ਸਰਗਰਮੀਆਂ ਦਾ ਮੈਂਬਰ ਬਣਨ ਲਈ ਸਹੁਰੇ ਪਰਿਵਾਰ ਵਲੋਂ ਸਾਥ ਦੇਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ਿੰਦਗੀ ਮਾਨਣ ਲਈ ਸਿਹਤਮੰਦ ਸਾਥ ਦਾ ਹੋਣਾ ਬਹੁਤ ਜ਼ਰੂਰੀ ਹੈ। ਨਾਵਲ ਨਾਇਕ ਅਤੇ ਨਾਇਕਾ ਦੀ ਆਪਸੀ ਸਾਂਝ ਦਾ ਮਹੱਤਵਪੂਰਨ ਕਾਰਨ ਦੋਨਾਂ ਦੇ ਸੁਭਾਅ ਦੀ ਸਾਂਝ ਹੋਣਾ ਹੈ। ਇਹੀ ਉਹਨਾਂ ਦੇ ਆਪਸੀ ਰਿਸ਼ਤੇ ਦੀ ਸਮਝ ਅਤੇ ਨਿਭਾਅ ਲਈ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਨਾਵਲ ਦੇ ਹਰ ਕਾਂਡ ਦੇ ਆਰੰਭ ਵਿੱਚ ਲੇਖਿਕਾ ਵਲੋ ਪਤੀ ਨੂੰ ਕੀਤਾ ਪ੍ਰਸ਼ਨ ਅਤੇ ਉਸ ਪ੍ਰਸ਼ਨ ਦਾ ਪਤੀ ਵਲੋਂ ਉਤਸ਼ਾਹ ਭਰਿਆ ਉੱਤਰ ਮਿਲਣਾ ਨਾਇਕਾ ਦੀ ਰੂਹ ਨੂੰ ਸਕੂਨ ਦਿੰਦਾ ਹੈ। ਰੂਹ

ਦਾ ਸਕੂਨ ਮਿਲਣਾ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਹਨਾਂ ਪਲਾਂ ਦੀ ਭਾਲ ਜ਼ਿੰਦਗੀ ਦਾ ਉਦੇਸ਼ ਹੈ। ਨਾਵਲ ਦਾ ਸਿਰਲੇਖ 'ਅਲਵਿਦਾ ਕਦੇ ਵੀ ਨਹੀਂ' ਪੂਰਨ ਰੂਪ ਵਿੱਚ ਸਾਰਥਿਕ ਹੋ ਨਿਬੜਿਆ ਹੈ। ਇਸ ਨਾਵਲ ਦੇ ਨਾਇਕ ਨਾਇਕਾ ਸਰੀਰਕ ਰੂਪ ਵਿੱਚ ਭਾਵੇਂ ਵਿਛੜ ਚੁੱਕੇ ਹਨ ਪਰ ਰੂਹਾਂ 'ਅਲਵਿਦਾ! ਕਦੇ ਵੀ ਨਹੀ' ਕਹਿੰਦੀਆਂ।

## *ਹਵਾਲੇ ਅਤੇ ਟਿੱਪਣੀਆਂ*


1. *ਸੈਣੀ, ਲਾਜ ਨੀਲਮ, 2024, ਅਲਵਿਦਾ ! ...ਕਦੇ ਵੀ ਨਹੀਂ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ, ਪੰਨਾ:11*
2. *ਗਿੱਲ, ਤੇਜਵੰਤ ਸਿੰਘ, 1997, ਪੰਜਾਬੀ ਸਾਹਿਤ ਸਮੀਖਿਆ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ:164*
3. *ਧਾਲੀਵਾਲ, ਬਲਦੇਵ ਸਿੰਘ, 1999, ਪੰਜਾਬੀ ਕਹਾਣੀ ਤੱਥ ਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, ਪੰਨਾ:222*
4. *ਸੈਣੀ, ਲਾਜ ਨੀਲਮ, 2024, ਅਲਵਿਦਾ ! ...ਕਦੇ ਵੀ ਨਹੀਂ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ, ਪੰਨਾ:32*
5. *-ਉਹੀ-, ਪੰਨਾ:35*
6. *-ਉਹੀ-, ਪੰਨਾ:221*
7. *ਬਰਨਾਲਾ, ਬਲਵਿੰਦਰ, 2000, ਮਨੋਰੋਗ ਕਾਰਨ ਤੇ ਇਲਾਜ, ਅੱਪੂ ਆਰਟ ਪ੍ਰੈਸ, ਸ਼ਾਹਕੋਟ, ਪੰਨਾ:30*
8. *ਸਿੰਘ, ਗੁਰਜੰਟ (ਡਾ), 2005, ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ:57*
9. *ਸੈਣੀ, ਲਾਜ ਨੀਲਮ, 2024, ਅਲਵਿਦਾ ! ...ਕਦੇ ਵੀ ਨਹੀਂ, ਪ੍ਰਿਥਮ ਪ੍ਰਕਾਸ਼ਨ ਪਟਿਆਲਾ, ਪੰਨਾ:31*
10. *ਭੱਟੀ, ਸੁਰਜੀਤ ਸਿੰਘ, (ਮਿੱਤੀਹੀਣ), ਪੰਜਾਬੀ ਆਲੋਚਨਾ ਦਸ਼ਾ ਅਤੇ ਦਿਸ਼ਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ:16*
11. *ਸੈਣੀ, ਲਾਜ ਨੀਲਮ, 2024, ਅਲਵਿਦਾ ! ...ਕਦੇ ਵੀ ਨਹੀਂ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ, ਪੰਨਾ:5*
12. *-ਉਹੀ-, ਪੰਨਾ:22*
13. *ਧਾਲੀਵਾਲ ਬਲਦੇਵ ਸਿੰਘ, 1999, ਪੰਜਾਬੀ ਕਹਾਣੀ ਤੱਥ ਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, ਪੰਨਾ:220*



***Cite this Article-***

ਡਾ. ਕੁਲਵਿੰਦਰ ਕੌਰ (Dr. Kulwinder Kaur), ਨਾਵਲ 'ਅਲਵਿਦਾ ! ...ਕਦੇ ਵੀ ਨਹੀਂ' ਦਾ ਵਿਚਾਰਧਾਰਾਈ ਪਰਿਪੇਖ (NOVEL 'ALVIDAA ! ...KDE V NHI' DA VICHARDHAARI PRIPEKH), *ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 05-09.*

***Journal URL***: www.armaan.org.in

**DOI :** https://doi.org/10.64119/armaan.vol.3.issue2.02


*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*